**ਫਿਲੀਪੀਨਜ਼ ਗਣਰਾਜ ਦੇ ਰਾਸ਼ਟਰਪਤੀ, ਮਹਾਮਹਿਮ ਫਰਡੀਨੈਂਡ ਆਰ. ਮਾਰਕੋਸ ਜੂਨੀਅਰ ਦੀ ਭਾਰਤ ਦੀ ਰਾਜਕੀ ਯਾਤਰਾ (04-08 ਅਗਸਤ, 2025)**

31 ਜੁਲਾਈ, 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ, ਫਿਲੀਪੀਨਜ਼ ਗਣਰਾਜ ਦੇ ਰਾਸ਼ਟਰਪਤੀ, ਮਹਾਮਹਿਮ ਸ਼੍ਰੀ ਫਰਡੀਨੈਂਡ ਆਰ. ਮਾਰਕੋਸ ਜੂਨੀਅਰ, 04-08 ਅਗਸਤ 2025 ਨੂੰ ਭਾਰਤ ਦੀ ਰਾਜਕੀ ਯਾਤਰਾ 'ਤੇ ਆਉਣਗੇ। ਉਨ੍ਹਾਂ ਦੇ ਨਾਲ ਫਰਸਟ ਲੇਡੀ ਮੈਡਮ ਲੂਇਸ ਅਰਨੇਟਾ ਮਾਰਕੋਸ ਅਤੇ ਕਈ ਕੈਬਨਿਟ ਮੰਤਰੀ, ਹੋਰ ਪਤਵੰਤੇ ਅਤੇ ਸੀਨੀਅਰ ਅਧਿਕਾਰੀਆਂ ਸਮੇਤ ਇੱਕ ਉੱਚ ਪੱਧਰੀ ਵਫ਼ਦ ਵੀ ਨਾਲ ਆਵੇਗਾ, ਇਸ ਤੋਂ ਇਲਾਵਾ ਵਪਾਰਕ ਪ੍ਰਤੀਨਿਧੀ ਵੀ ਨਾਲ ਹੋਣਗੇ। ਰਾਸ਼ਟਰਪਤੀ ਮਾਰਕੋਸ 08 ਅਗਸਤ 2025 ਨੂੰ ਫਿਲੀਪੀਨਜ਼ ਵਾਪਸ ਜਾਣ ਤੋਂ ਪਹਿਲਾਂ ਬੰਗਲੁਰੂ ਵੀ ਜਾਣਗੇ।

2. ਇਹ ਰਾਸ਼ਟਰਪਤੀ ਮਾਰਕੋਸ ਵਲੋਂ ਫਿਲੀਪੀਨਜ਼ ਦੇ ਰਾਸ਼ਟਰਪਤੀ ਦੇ ਅਹੁਦੇ ਨੂੰ ਸੰਭਾਲਣ ਤੋਂ ਬਾਅਦ ਕੀਤੀ ਜਾਣ ਵਾਲੀ ਭਾਰਤ ਦੀ ਪਹਿਲੀ ਯਾਤਰਾ ਹੋਵੇਗੀ। ਯਾਤਰਾ ਦੇ ਦੌਰਾਨ, ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਮਾਰਕੋਸ 05 ਅਗਸਤ 2025 ਨੂੰ ਦੁਵੱਲੀ ਚਰਚਾ ਕਰਨਗੇ। ਰਾਸ਼ਟਰਪਤੀ ਮਾਰਕੋਸ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਜੀ ਨਾਲ ਵੀ ਬੈਠਕ ਕਰਨਗੇ। ਇਸ ਦੌਰੇ ਦੌਰਾਨ ਰਾਸ਼ਟਰਪਤੀ ਮਾਰਕੋਸ ਨਾਲ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦੀ ਮੁਲਾਕਾਤ ਵੀ ਨਿਰਧਾਰਿਤ ਕੀਤੀ ਗਈ ਹੈ।

3. ਨਵੰਬਰ 1949 ਵਿੱਚ ਭਾਰਤ ਅਤੇ ਫਿਲੀਪੀਨਜ਼ ਦੇ ਵਿਚਕਾਰ ਕੂਟਨੀਤਿਕ ਸੰਬੰਧ ਸਥਾਪਿਤ ਕੀਤੇ ਗਏ ਸਨ। ਦੋਵੇਂ ਦੇਸ਼ਾਂ ਨੇ ਵਪਾਰ ਅਤੇ ਨਿਵੇਸ਼, ਰੱਖਿਆ ਅਤੇ ਸੁਰੱਖਿਆ, ਸਮੁੰਦਰੀ ਸਹਿਯੋਗ, ਖੇਤੀਬਾੜੀ, ਸਿਹਤ ਸੰਭਾਲ, ਫਾਰਮਾਸਿਊਟੀਕਲ ਅਤੇ ਡਿਜਿਟਲ ਤਕਨਾਲੋਜੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਇੱਕ ਮਜ਼ਬੂਤ ਸਾਂਝੇਦਾਰੀ ਵਿਕਸਿਤ ਕੀਤੀ ਹੈ। ਦੋਵੇਂ ਦੇਸ਼ ਆਸੀਆਨ ਨਾਲ ਭਾਰਤ ਦੀ ਵਿਆਪਕ ਰਣਨੀਤਿਕ ਸਾਂਝੇਦਾਰੀ ਸਮੇਤ ਖੇਤਰੀ ਪੱਧਰ 'ਤੇ ਵੀ ਨੇੜਿਓਂ ਸ਼ਮੂਲੀਅਤ ਕਰਦੇ ਹਨ।

4. ਫਿਲੀਪੀਨਜ਼ ਨਾਲ ਭਾਰਤ ਦੇ ਸੰਬੰਧ ਸਾਡੀ 'ਐਕਟ ਈਸਟ' ਨੀਤੀ, ਵਿਜ਼ਨ ਮਹਾਸਾਗਰ ਅਤੇ ਇੰਡੋ-ਪੈਸੀਫਿਕ ਦੀ ਸਾਡੀ ਦੂਰ ਦ੍ਰਿਸ਼ਟੀ ਦਾ ਇੱਕ ਅਨਿੱਖੜਵਾਂ ਥੰਮ੍ਹ ਹਨ। ਰਾਸ਼ਟਰਪਤੀ ਮਾਰਕੋਸ ਦੀ ਆਉਣ ਵਾਲੀ ਰਾਜਕੀ ਯਾਤਰਾ, ਭਾਰਤ-ਫਿਲੀਪੀਨਜ਼ ਕੂਟਨੀਤਿਕ ਸੰਬੰਧਾਂ ਦੀ 75ਵੀਂ ਵਰ੍ਹੇਗੰਢ ਦੇ ਸਮੇਂ 'ਤੇ ਹੋ ਰਹੀ ਹੈ। ਇਹ ਯਾਤਰਾ ਦੋਵੇਂ ਲੀਡਰਾਂ ਲਈ ਭਵਿੱਖ ਵਿੱਚ ਦੁਵੱਲੇ ਸਹਿਯੋਗ ਲਈ ਮਾਰਗ ਨਿਰਧਾਰਿਤ ਕਰਨ ਅਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਗੱਲਬਾਤ ਕਰਨ ਦਾ ਇੱਕ ਮੌਕਾ ਹੈ।

ਨਵੀਂ ਦਿੱਲੀ

31 ਜੁਲਾਈ, 2025